ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030410
Available online at: www.armaan.org.in
DOI: https://doi.org/10.64119/armaan.vol.3.issue4.10

# ਲਿੰਗਕ ਬਰਾਬਰਤਾ: ਨਾਨਕ ਬਾਣੀ ਦੇ ਸੰਦਰਭ ਵਿਚ

## Lingak Brabarta: Nanak Baani De Sandrbh Vich

**ਡਾ. ਅਮਨਦੀਪ ਕੌਰ (Dr. Amandeep Kaur)**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ (Asst. Professor, Dept. of Punjabi)**
**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ)**
**Email ID: dramandeepkaur2601@gmail.com ਮੋਬਾਈਲ: +91-9780947349**

**ਸਾਰ (Abstract)**

*ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਸਿਧਾਂਤ ਸਰਵਵਿਆਪਕਤਾ ਵਾਲੇ ਬ੍ਰਹਿਮੰਡੀ ਹਨ ਭਾਵ ਕਿ ਸਾਰੀ ਧਰਤੀ ਤੇ ਵਸਦੀ ਲੋਕਾਈ ਇਹਨਾਂ ਸਿਧਾਂਤਾਂ ਤੇ ਚਲਦੀ ਹੋਈ ਮਾਨਵਵਾਦ ਦੀ ਹਾਮੀ ਭਰ ਸਕਦੀ ਹੈ। ਆਧੁਨਿਕ ਯੁੱਗ ਵਿੱਚ ਮਾਨਸਿਕ ਤੌਰ ਤੇ ਬਲਵਾਨ ਬਣਾਉਣ ਲਈ ਗੁਰੂ ਸਾਹਿਬ ਜੀ ਨੇ ਨਿਰਭਉ ਦੇ ਪੱਖ ਨਾਲ ਮਨੁੱਖਤਾ ਨੂੰ ਨਿਵਾਜਿਆ। ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੇ ਸਰਬ ਸਾਂਝੀਵਾਲਤਾ ਦੇ ਮਾਡਲ ਰਾਹੀ ਕਈ ਵਰ੍ਹੇ ਪਹਿਲਾ ਹੀ ਊਚ ਨੀਚ, ਜ਼ਾਤ ਪਾਤ, ਲਿੰਗ ਭੇਦ ਦਾ ਖੰਡਨ ਕੀਤਾ। ਗੁਰੂ ਸਾਹਿਬ ਜੀ ਦੀ ਬਾਣੀ ਰਾਹੀ ਸਾਂਝੀਵਾਲਤਾ ਦਾ ਸ਼ੰਦੇਸ਼ ਮਨੁੱਖੀ ਵਿਕਾਸ ਦੀ ਅਜਿਹੀ ਸ਼ਿਖਰ ਹੈ ਜਿਸ ਵਿੱਚ ਕਿਸੇ ਵੀ ਪ੍ਰਕਾਰ ਦੇ ਭੇਦ ਭਾਵ ਨੂੰ ਥਾਂ ਪ੍ਰਾਪਤ ਨਹੀ ਹੈ। ਸਿੱਖ ਧਰਮ ਦੀ ਬੁਨਿਆਦ ਦਾ ਅਜਿਹਾ ਸਮਾਜਿਕ ਪਹਿਲੂ ਰੂਪਮਾਨ ਕੀਤਾ ਜਿਸ ਵਿੱਚ ਸਿਰਫ ਬਰਾਬਰਤਾ, ਭਰਾਤਰੀ ਭਾਵ, ਪਿਆਰ, ਮਿਲਵਰਤਨ, ਦੀ ਕੜੀ ਨੂੰ ਹੀ ਮਨੁਖਤਾ ਦੇ ਵਿਕਾਸ ਦਾ ਆਧਾਰ ਮਿਥਿਆ ਗਿਆ ਹੈ,ਇਸ ਕੜੀ ਦਾ ਸਮਾਜਿਕ ਅਤੇ ਸਭਿਆਚਾਰਕ ਰੂਪਾਂਤਰਣ ਹੀ ,ਲੰਗਰ,ਪੰਗਤ ਤੇ ਸੰਗਤ ਬਣਿਆ। ਸੰਗਤ ਮਿਲਵਰਤਣ ਅਤੇ ਸਾਂਝੀਵਾਲਤਾ ਦਾ ਵਿਵਹਾਰ ਹੈ ਜਿਸ ਵਿੱਚ ਰਾਜਾ,ਰੰਕ, ਜ਼ਾਤ-ਪਾਤ,ਇਸਤਰੀ-ਮਰਦ,ਊਚ-ਨੀਚ ਹਰ ਤਰਾਂ ਦੇ ਵਿਤਕਰੇ ਦੀ ਮਨਾਹੀ ਕੀਤੀ ਗਈ ਹੈ। ਗੁਰੂ ਸਾਹਿਬ ਜੀ ਨੇ ਔਰਤ ਨੂੰ ਮਰਦ ਨਾਲੋ ਵੀ ਉੱਚਾ ਦਰਜਾ ਦੇ ਕੇ ਸਨਮਾਨਿਤ ਕੀਤਾ ਹੈ। ਸਿੱਖ ਇਸਤਰੀਆਂ ਵਿਵਹਾਰਕ ਅਤੇ ਬੌਧਿਕ ਪੱਧਰ ਤੇ ਮਰਦ ਬਰਾਬਰ ਹਨ। ਗੁਰੂ ਸਾਹਿਬ ਜੀ ਨੇ ਬਰਾਬਰਤਾ ਅਤੇ ਸਵੈ ਨਿਰਭਰਤਾ ਤੇ ਸੁਤੰਤਰਤਾ ਦਾ ਸੰਕਲਪ ਦੇ ਕੇ ਆਜ਼ਾਦ ਸਭਿਆਚਾਰਕ ਚੇਤਨਾ ਦੀ ਚੇਟਕ ਲਾਈ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਾਨਸਿਕ ਤਣਾਅ, ਰਿਸ਼ਤਿਆਂ ਦੀ ਟੁੱਟ ਭੱਜ, ਬੇਵਿਸ਼ਵਾਸੀ,ਅਸ਼ਾਂਤੀ ਦਾ ਕਾਰਨ ਵੀ ਗੁਰੂ ਸਿਧਾਂਤ ਤੋ ਬੇਮੁੱਖ ਹੋਣਾ ਹੈ, ਅਜੋਕੇ ਯੁੱਗ ਵਿੱਚ ਵੀ ਅਰਦਾਸ ਰਾਹੀ ਨਾਨਕ ਨਾਮ ਚੜ੍ਹਦੀ ਕਲਾ ,ਤੇਰੇ ਭਾਣੇ ਸਰਬੱਤ ਦਾ ਭਲਾ ਦੇ ਸਿਧਾਂਕਤ ਪਹਿਲੂ ਰਾਹੀ ਬਰਾਬਰਤਾ ਵਾਲਾ ਭਰਾਤਰੀ ਭਾਵ ਹੀ ਮੰਗਿਆ ਜਾਦਾ ਹੈ।*

***ਕੀਵਰਡ (Keyword):*** *ਗੁਰਮਤਿ, ਨਾਨਕ ਬਾਣੀ, ਲਿੰਗ ਭੇਦ, ਲਿੰਗ ਬਰਾਬਰਤਾ, ਸਿੱਖ ਇਸਤਰੀ, ਪਤੀ-ਪਤਨੀ, ਆਤਮਾ-ਪ੍ਰਮਾਤਮਾ, ਸਾਂਝੀਵਾਲਤਾ।*

ਸਿੱਖ ਧਰਮ ਵਿਸ਼ਵ ਧਰਮ ਦੇ ਸੰਦਰਭ ਵਿੱਚ ਸਭ ਤੋਂ ਛੋਟੀ ਉਮਰ ਦਾ ਧਰਮ ਹੈ ਪਰ ਇਸ ਧਰਮ ਦੀ ਫ਼ਿਲਾਸਫ਼ੀ ਸਾਰੇ ਧਰਮਾਂ ਦਾ ਸਤਿਕਾਰ ਅਤੇ ਇੱਜ਼ਤ ਕਰਨਾ ਸਿਖਾਉਂਦੀ ਹੈ। ਸਿੱਖ ਧਰਮ ਦੇ ਮਹਾਨ ਗੁਰੂ, ਸੰਤ, ਆਗੂ, ਅਧਿਆਪਕ ਅਤੇ ਰਹਿਨੁਮਾਈ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਰਬ ਸਾਂਝੀਵਾਲਤਾ ਦੀ ਗਵਾਹੀ ਭਰਦੀਆਂ ਹਨ। ਭਾਰਤੀ ਸਮਾਜ ਵਿੱਚ ਸ਼ੁਰੂ ਤੋਂ ਹੀ ਔਰਤ ਨੂੰ ਹਰ ਪ੍ਰਕਾਰ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ ਹੈ। ਮੱਧਕਾਲੀਨ ਸਮਾਜ ਵਿੱਚ ਵੀ ਔਰਤ ਨੂੰ ਮਰਦ ਦੀ ਨਜ਼ਰ ਵਿੱਚ ਹਮੇਸ਼ਾ ਨਿੰਦਿਆਂ ਹੀ ਗਿਆ ਹੈ। ਔਰਤ ਨੇ ਵਿਭਿੰਨ ਵਿਤਕਰਿਆਂ ਅਤੇ ਵਖਰੇਵਿਆਂ ਨੂੰ ਆਪਣੇ ਤਨ ਅਤੇ ਮਨ ਉੱਤੇ ਹੰਢਾਇਆ ਹੈ। ਨਾਥਾਂ ਜੋਗੀਆਂ ਨੇ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਹਮੇਸ਼ਾ ਹੀਣ ਹੀ ਸਮਝਿਆ ਸੀ ਕਿ ਔਰਤ ਮੁਕਤੀ ਦਾ ਮਾਰਗ ਨਹੀਂ ਹੈ। ਔਰਤ ਬਾਰੇ ਨਿੰਦਣਯੋਗ ਵਿਚਾਰ ਨਾਥ ਸਾਹਿਤ ਵਿੱਚੋਂ ਵੀ ਮਿਲਦੇ ਹਨ:

*ਦਾਮ ਕਾਢਿ ਬਾਘਨ ਲੈ ਆਇਆ।।*
*ਮਾਉ ਕਹੈ ਮੇਰਾ ਪੂਤ ਬਿਆਇਆ।।*
*ਗੀਲੀ ਲਕੜੀ ਕਉ ਘੁਣ ਲਾਇਆ।।*
*ਤਿਨ ਡਾਲਿ ਮੂਲ ਸਣਿ ਖਾਇਆ।।* [1]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਅਜਿਹਾ ਹੋਕਾ ਦਿੱਤਾ ਕਿ ਸਾਰੀ ਲੋਕਾਈ ਨੂੰ ਜ਼ਾਤ-ਪਾਤ, ਛੂਤ-ਛਾਤ, ਵਹਿਮਾਂ-ਭਰਮਾਂ, ਪਾਖੰਡਾਂ, ਸਮਾਜਿਕ ਬਰਾਬਰੀ ਦਾ ਰਸਤਾ ਮਿਲ ਗਿਆ। ਗੁਰੂ ਸਾਹਿਬ ਜੀ ਨੇ ਮਨੁੱਖਤਾ ਦੇ ਭਲੇ ਵਾਸਤੇ 'ਸਰਬੱਤ ਦੇ ਭਲੇ' ਦਾ ਨਾਹਰਾ ਮਾਰਿਆ। ਸਮਾਜ ਵਿੱਚੋਂ ਹਰ ਪ੍ਰਕਾਰ ਦੇ ਵੈਰ-ਵਿਰੋਧ ਅਤੇ ਵਿਤਕਰੇ ਨੂੰ ਖ਼ਤਮ ਕਰਨ ਵਾਸਤੇ ਲਿੰਗਕ ਬਰਾਬਰਤਾ ਨੂੰ ਅਹਿਮ ਸਥਾਨ ਦਿੱਤਾ। ਮੱਧਕਾਲੀ ਸਮਾਜ ਵਿਚ ਔਰਤ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਔਰਤ ਨੂੰ ਇੱਜ਼ਤ ਭਰੀ ਸਥਿਤੀ ਨਾਲ ਨਿਵਾਜਿਆ। ਡਾ. ਗੁਰਨਾਮ ਕੌਰ ਅਨੁਸਾਰ

> *"ਗੁਰਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਜਾਤਿ, ਜਨਮ ਜਾਂ ਇਸਤਰੀ ਜਾਂ ਪੁਰਸ਼ ਹੋਣ ਕਰਕੇ ਛੋਟਾ ਜਾਂ ਵੱਡਾ ਨਹੀਂ ਹੈ। ਮਨੁੱਖ ਆਪਣੇ ਅਮਲਾਂ ਕਾਰਨ ਛੋਟਾ ਜਾਂ ਵੱਡਾ ਹੁੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਮੁਤਾਬਿਕ ਇਸਤਰੀ ਜਾਂ ਪੁਰਸ਼ ਹੋਣ ਕਰਕੇ ਮਨੁੱਖ ਵਿੱਚ ਕੋਈ ਵੰਡ ਨਹੀਂ ਹੈ। ਸਾਰੇ ਜੀਵ ਜਨਮ ਤੋਂ ਬਰਾਬਰ ਹਨ। ਗੁਰਮਤਿ ਅਨੁਸਾਰ ਮਨੁੱਖ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਦੀਆਂ ਦੋ ਹੀ ਸ਼੍ਰੇਣੀਆਂ ਹਨ, ਗੁਰਮੁਖਿ ਅਤੇ ਮਨਮੁਖਿ।"* [2]

ਔਰਤ ਨੂੰ ਪੈਰ ਦੀ ਜੁੱਤੀ ਸਮਾਨ ਸਝਿਆ ਜਾਂਦਾ ਸੀ। ਔਰਤ ਹਮੇਸ਼ਾ ਮਰਦ


Received: 10 Nov. 2025 Accepted: 30 Nov. 2025 Published: 05 Dec. 2025

ਦੀ ਅਧੀਨਗੀ ਸਵੀਕਾਰ ਕਰਦੀ ਆ ਰਹੀ ਸੀ। ਆਪਣੀਆਂ ਸੰਸਾਰਕ ਅਤੇ ਨਿੱਜੀ ਲੋੜਾਂ ਦੀ ਪੂਰਤੀ ਲਈ ਮਰਦ ਹਮੇਸ਼ਾ ਔਰਤ ਜ਼ਾਤ ਨਾਲ ਧੱਕਾ ਕਰਦਾ ਆ ਰਿਹਾ ਸੀ। ਔਰਤਾਂ ਨੂੰ ਹਰ ਪ੍ਰਕਾਰ ਦੀਆਂ ਧਾਰਮਿਕ ਰਸਮਾਂ ਤੋਂ ਵਾਂਝਿਆ ਰੱਖਿਆ ਜਾਂਦਾ ਸੀ। ਗੁਰੂ ਸਾਹਿਬ ਜੀ ਨੇ ਔਰਤ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ।

ਇਸ ਪ੍ਰਕਾਰ ਗੁਰੂ ਸਾਹਿਬ ਜੀ ਨੇ ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਪਹਿਲੀ ਵਾਰ ਆਵਾਜ਼ ਉਠਾਈ। ਗੁਰੂ ਸਾਹਿਬ ਜੀ ਨੇ ਸਥਾਪਿਤ ਕੱਟੜਪੰਥੀ ਸੋਚ ਦਾ ਦ੍ਰਿੜਤਾ ਨਾਲ ਵਿਰੋਧ ਕਰਦਿਆਂ ਆਖਿਆ ਕਿ ਔਰਤਾਂ ਦੀ ਅਹਿਮੀਅਤ ਮਰਦਾਂ ਨਾਲੋਂ ਕਿਤੇ ਵੀ ਘੱਟ ਨਹੀਂ ਹੈ। ਸਗੋਂ ਔਰਤਾਂ ਮਰਦਾਂ ਨਾਲੋਂ ਅਹਿਮ ਹਨ।

ਔਰਤ ਦੇ ਮਾਣ-ਸਤਿਕਾਰ ਬਾਰੇ ਗੁਰੂ ਸਾਹਿਬ ਜੀ ਦਾ ਇਹ ਪੱਖ ਵਿਚਾਰਿਆ ਜਾ ਸਕਦਾ ਹੈ ਕਿ ਔਰਤ ਦੀ ਪਿਆਰ ਭਰੀ ਸੀਰਤ, ਕੋਮਲਤਾ ਅਤੇ ਨਜ਼ਾਕਤ ਰਾਹੀਂ ਹੀ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿੱਚ ਥਾਂ-ਥਾਂ ਪ੍ਰਮਾਤਮਾ ਪਤੀ ਅਤੇ ਜੀਵਾਤਮਾ ਪਤਨੀ ਦਾ ਜ਼ਿਕਰ ਆਉਂਦਾ ਹੈ ਭਾਵ ਕਿ ਇਕ ਪਤਨੀ ਦੇ ਰੂਪ ਰਾਹੀਂ ਹੀ ਕਿਵੇਂ ਪਤੀ ਪ੍ਰਮਾਤਮਾ ਵਿੱਚ ਅਭੇਦ ਹੋਇਆ ਜਾ ਸਕਦਾ ਹੈ ਭਾਵ ਕਿ ਔਰਤ ਕੋਲ ਹੀ ਅਜਿਹੀ ਸੀਰਤ ਅਤੇ ਸ਼ਕਤੀ ਹੈ ਜਿਸ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਹੈ। ਗੁਰੂ ਬਾਣੀ ਵਿਚ ਕਿਤੇ ਵੀ ਪਤੀ ਰਾਹੀਂ ਪਤਨੀ ਨੂੰ ਪਾਉਣ ਦੀ ਗੱਲ ਨਹੀਂ ਕੀਤੀ ਗਈ ਸਗੋਂ ਪ੍ਰਮਾਤਮਾ ਰੂਪੀ ਪਤੀ ਨੂੰ ਪ੍ਰਾਪਤ ਕਰਨ ਵਾਸਤੇ ਪਤਨੀ ਰੂਪੀ ਜੀਵਾਤਮਾ ਦੇ ਪ੍ਰਤੀਕ ਨੂੰ ਹੀ ਗੁਰੂ ਸਾਹਿਬ ਜੀ ਨੇ ਮੰਨਿਆ ਹੈ। ਇਸ ਤਰ੍ਹਾਂ ਔਰਤ ਦਾ ਰੁਤਬਾ ਮਰਦ ਨਾਲੋਂ ਵੀ ਉੱਚਾ ਰੱਖਿਆ ਹੈ ਕਿ ਅਜਿਹੇ ਗੁਣਾਂ ਨੂੰ ਧਾਰਦਿਆਂ ਹੀ ਪਤੀ ਨਾਲ ਮਿਲਾਪ ਸੰਭਵ ਹੈ।

ਔਰਤਾਂ ਨਾਲ ਬਦਸਲੂਕੀ ਜਾਂ ਵਿਤਕਰਾ ਕਰਨ ਦੀ ਬਿਜਾਏ ਔਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਔਰਤ ਦੀ ਸਮਾਜ ਵਿੱਚ ਵੱਖ-ਵੱਖ ਭੂਮਿਕਾ ਦਾ ਵਰਨਣ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਨੇ ਆਸਾ ਰਾਗ ਵਿਚ ਵਰਨਣ ਕੀਤਾ ਹੈ। ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਹੈ ਕਿ ਔਰਤ ਹੀ ਸਾਨੂੰ ਜੰਮਦੀ ਹੈ, ਪਾਲਦੀ ਹੈ, ਔਰਤ ਨਾਲ ਹੀ ਸਾਡੀ ਮੰਗਣੀ, ਵਿਆਹ ਹੁੰਦਾ ਹੈ। ਔਰਤ ਨਾਲ ਹੀ ਮਿੱਤਰਤਾ ਕੀਤੀ ਜਾਂਦੀ ਹੈ ਅਤੇ ਔਰਤ ਦੁਆਰਾ ਹੀ ਨਵੀਆਂ ਮਨੁੱਖੀ ਪੀੜ੍ਹੀਆਂ ਜਨਮ ਲੈਂਦੀਆਂ ਹਨ। ਔਰਤ ਦੀ ਮੌਤ ਉਪਰੰਤ ਮਰਦ ਹੋਰ ਔਰਤ ਭਾਲਦਾ ਹੈ। ਅਸੀਂ ਔਰਤ ਰਾਹੀਂ ਸੰਸਾਰਿਕ ਰੂਪ ਵਿਚ ਜੁੜੇ ਹੋਏ ਹਾਂ। ਅਜਿਹੀ ਔਰਤ ਮਾੜੀ ਜਾਂ ਨੀਵੀਂ ਕਿਵੇਂ ਹੋ ਸਕਦੀ ਹੈ ਜਿਹੜੀ ਰਾਜਿਆਂ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਸੰਸਾਰਕ ਹਰ ਹਸਤੀ ਔਰਤ ਨਾਲ ਜੁੜੀ ਹੋਈ ਹੈ ਸਿਰਫ਼ ਪ੍ਰਮਾਤਮਾ ਹੀ ਹੈ ਜੋ ਇਸ ਸਭ ਤੋਂ ਮੁਕਤ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।*
*ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।।*
*ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।* [3]

ਗੁਰੂ ਸਾਹਿਬ ਜੀ ਨੇ ਪੂਜਾ ਦੇ ਕਾਰਜਾਂ, ਸਮਾਜਿਕ ਕਾਰਜਾਂ ਵਿੱਚ ਵੀ ਔਰਤ ਦੀ ਸ਼ਮੂਲੀਅਤ ਮੰਨੀ ਹੈ। ਔਰਤ ਨੂੰ ਅਧਿਆਤਮਕ ਰਾਹ ਵਿਚ ਰੁਕਾਵਟ ਦੀ ਬਜਾਏ ਸਹਿਯੋਗੀ ਮੰਨਿਆ ਹੈ। ਗੁਰੂ ਸਾਹਿਬ ਅਨੁਸਾਰ ਪਰਮ ਮਨੋਰਥ ਦੀ ਅਧਿਆਤਮਕ ਅਵਸਥਾ ਨਾਰੀ ਦੇਹ ਰਾਹੀਂ ਹੀ ਧਾਰੀ ਜਾ ਸਕਦੀ ਹੈ। ਸਿੱਖ ਧਰਮ ਵਿੱਚ ਨਾਰੀਵਾਦੀ ਵਿਸ਼ੇ ਨੂੰ ਪ੍ਰਸ਼ੰਸਾਯੋਗ ਸਥਾਨ ਹਾਸਿਲ ਹੈ। ਫਰੀਡਨ ਅਨੁਸਾਰ-

*"ਮਰਦਾਂ ਦੁਆਰਾ ਨਾਰੀਤਵ ਦੇ ਮੁੱਲਾਂ ਨੂੰ ਨੀਵਾਂ ਨਿਰਧਾਰਿਤ ਕਰਨਾ ਵੱਡੀ ਭੁੱਲ ਹੈ। ਪ੍ਰਤਥਵਾਕ ਉਸ ਨੂੰ ਦੱਸਦਾ ਹੈ ਕਿ ਨਾਰੀਤਵ ਨੂੰ ਨੀਵਾਂ ਸਮਝਣ ਦੇ ਵਹਿਮ ਦੀਆਂ ਜੜ੍ਹਾਂ ਪਹਿਲੀ ਚੱਲੀ ਆ ਰਹੀ ਸੋਚ ਵਿੱਚ ਹਨ ਜਿਸ ਵਿੱਚ ਨਾਰੀ ਹਮੇਸ਼ਾ ਮਰਦ ਦੀ ਤਰ੍ਹਾਂ ਬਣਨਾ ਚਾਹੁੰਦੀ ਹੈ। ਬਿਜਾਏ ਕਿ ਆਪਣੇ ਸੁਭਾਅ ਨੂੰ ਪ੍ਰਵਾਨ ਕਰਨ ਦੇ। ਇਹ ਨਾਰੀਤਵ ਦੀ ਸੰਪੂਰਨਤਾ ਨਰ ਦੀ ਕਾਮ ਤ੍ਰਿਪਤੀ ਅਤੇ ਬੱਚੇ ਪਾਲਣ ਪੋਸ਼ਣ ਵਿੱਚ ਸਮਝੀ ਜਾਂਦੀ ਹੈ"।* [4]

ਗੁਰੂ ਸਾਹਿਬ ਅਨੁਸਾਰ ਨਾਰੀ ਦੇਹ ਕੋਈ ਸਰਾਪ ਨਹੀਂ ਸਗੋਂ ਮਰਦ ਵੀ ਨਾਰੀ ਗੁਣਾਂ ਸਦਕਾ ਹੀ ਪਰਮ ਮਨੋਰਥ ਦੀ ਪ੍ਰਾਪਤੀ ਕਰ ਸਕਦੇ ਹਨ। ਜਿਹੜੇ ਲੋਕ ਆਪ ਝੂਠੇ, ਜੂਠੇ, ਫਰੇਬੀ, ਕਪਟੀ ਅਤੇ ਭਟਕੇ ਹੋਏ ਹਨ, ਜਿਹਨਾਂ ਦੇ ਮੂੰਹ ਵਿਚ ਜੂਠ ਵੱਸਦੀ ਹੈ ਉਹ ਇਸਤਰੀ ਨੂੰ ਅਪਵਿੱਤਰ ਮੰਨਦੇ ਹਨ।

*ਜਿਉ ਜੋਰੁ ਸਿਰਨਾਵਣੀ ਆਵੈ ਵਾਰੋ ਵਾਰ।।*
*ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।।*
*ਸੂਚੇ ਏਹ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।।*
*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।* [5]

ਗੁਰਬਾਣੀ ਥਾਂ-ਥਾਂ ਸਪੱਸ਼ਟ ਕਰਦੀ ਹੈ ਕਿ ਔਰਤ ਮਰਦ ਵਿੱਚ ਲਿੰਗ ਭੇਦਤਾ ਕੁਦਰਤੀ ਨਹੀਂ ਹੈ। ਇਸ ਨੂੰ ਸਮਾਜਿਕ ਪ੍ਰਸਥਿਤੀਆਂ ਵਿੱਚ ਘੜਿਆ ਗਿਆ ਹੈ। "ਔਰਤ ਨੇ ਵਿਭਿੰਨ ਵਿਤਕਰਿਆਂ ਤੇ ਵਖਰੇਵਿਆਂ ਨੂੰ ਆਪਣੇ ਤਨ ਅਤੇ ਮਨ ਉੱਤੇ ਹੰਢਾਇਆ ਹੈ। ਗੁਰੂ ਸਾਹਿਬ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਸਤੀ ਪ੍ਰਥਾ, ਬਹੁ-ਪਤਨੀਵਾਦ, ਭਰੂਣ ਹੱਤਿਆ, ਵਿਧਵਾ ਵਿਆਹ ਸੰਬੰਧੀ ਆਵਾਜ਼ ਉਠਾਈ। ਔਰਤ ਪ੍ਰਤੀ ਨਿੰਦਣਯੋਗ ਬਿਰਤੀ ਨੂੰ ਮੁੱਢੋਂ ਹੀ ਨਕਾਰਿਆ ਹੈ। ਔਰਤ ਨੂੰ ਕੇਵਲ ਕਾਮਿਨੀ ਰੂਪ ਵਿੱਚ ਹੀ ਦੇਖਿਆ ਜਾਂਦਾ ਸੀ ਜਦੋਂ ਕਿ ਸਮਾਜ ਨਿਰਮਾਣ ਵਿਚ ਇਸਤਰੀ ਅਤੇ ਮਰਦ ਦੋਵਾਂ ਦਾ ਬਰਾਬਰ ਯੋਗਦਾਨ ਹੈ। ਗੁਰੂ ਸਾਹਿਬ ਦਾ ਫ਼ਰਮਾਨ ਹੈ ਕਿ ਔਰਤ ਅੰਦਰ ਇਹ ਸਭ ਗੁਣ ਵਿਦਮਾਨ ਹਨ ਜੋ ਪਰਿਵਾਰ ਅਤੇ ਮਨੁੱਖੀ ਸਮਾਜ ਦੇ ਵਿਕਾਸ ਵਿਚ ਅਗਾਂਹਵਧੂ ਭੂਮਿਕਾ ਨਿਭਾਉਂਦੇ ਹਨ। ਸਬਰ, ਸੰਤੋਖ, ਸੰਜਮ ਆਦਿ ਗੁਣਾਂ ਵਾਲੀ ਇਸਤਰੀ ਪਰਿਵਾਰ ਵਿੱਚ ਸਭ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਰੱਖਦੀ ਹੈ, ਨੂੰ ਗੁਰੂ ਸਾਹਿਬ ਸ੍ਰੇਸ਼ਟ ਮੰਨਦੇ ਹਨ।

*ਬਤੀਹ ਸੁਲਖਣੀ ਸਚੁ ਸੰਤਤਿ ਪੂਤ।।*
*ਆਗਿਆਕਾਰੀ ਸੁਘੜ ਸਰੂਪ।।*
*ਇਛ ਪੂਰੇ ਮਨ ਕੰਤ ਸੁਆਮੀ।।*
*ਸਗਲ ਸੰਤੋਖੀ ਜੇਠ ਜੇਠਾਨੀ।।*
*ਸਭ ਪਰਵਾਰੈ ਮਾਹਿ ਸਰੇਸਟ।।*
*ਮਤੀ ਦੇਵੀ ਦੇਵਰ ਜੇਸਟ।।*
*ਧੰਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ।।*
*ਜਨ ਨਾਨਕ ਸੁਖੇ ਸੁਖਿ ਵਿਹਾਇ।।* [6]

ਗੁਰੂ ਨਾਨਕ ਬਾਣੀ ਵਿਚ ਨਾਰੀ ਗੁਣਾਂ ਦਾ ਅਜਿਹਾ ਜ਼ਿਕਰ ਮਿਲਦਾ ਹੈ ਜੋ ਇੱਕ ਚੰਗੀ ਮਾਂ, ਭੈਣ, ਪੁੱਤਰੀ, ਪਤਨੀ ਅਤੇ ਕਈ ਹੋਰ ਰਿਸ਼ਤਿਆਂ ਰਾਹੀਂ ਉਜਾਗਰ ਹੁੰਦਾ ਹੈ। ਕਿਉਂਕਿ ਨਾਰੀ ਰਾਹੀਂ ਹੀ ਹੋਰ ਰਿਸ਼ਤਿਆਂ ਨੂੰ ਜਨਮ ਮਿਲਦਾ ਹੈ। ਗੁਰੂ ਸਾਹਿਬ ਗੁਰਮੁੱਖ ਲਈ ਸੁੱਚਜੀ ਨਾਰੀ ਦਾ ਪ੍ਰਤੀਕ ਵਰਤਦੇ ਹਨ। ਸੁੱਚਜੀ ਤੋਂ ਭਾਵ ਚੰਗੀ ਜੀਵਣ-ਜਾਂਚ ਵਾਲੀ ਅਜਿਹੀ ਔਰਤ ਜੋ ਪਤੀ ਨਾਲ ਜੁੜਨ ਦੇ ਕਾਬਿਲ ਹੈ। ਅਜਿਹੇ ਗੁਣਾਂ ਵਾਲੀ ਨਾਰੀ (ਆਤਮਾ) ਪਤੀ (ਪ੍ਰਮਾਤਮਾ) ਨਾਲ ਮੇਲ ਦੀ ਆਸ ਕਰਦੀ ਹੈ। ਗੁਰੂ ਸਾਹਿਬ ਦੁਆਰਾ ਰਚਿਤ ਬਾਰਾਮਾਹ ਤੁਖਾਰੀ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਔਰਤ ਦੇ ਮਨ ਦੀਆਂ ਵਿਭਿੰਨ ਸੂਖ਼ਮ ਪਰਤਾਂ ਨੂੰ ਬੜੀ ਬਾਰੀਕੀ ਨਾਲ ਪੜਚੋਲਿਆ ਗਿਆ ਹੈ। ਇਹ ਵੈਰਾਗ ਦੀਆਂ ਸੂਖ਼ਮ ਪਰਤਾਂ ਦੀ ਪ੍ਰਾਪਤੀ ਔਰਤ ਦੇ ਗੁਣਾਂ ਰਾਹੀਂ ਮਰਦਾਂ ਦੇ ਹਿੱਸੇ ਆਈ ਹੈ:-

*ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥*
*ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥*
*ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥*
*ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨ ਡੋਲੇ॥* [7]

*ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ*
*ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥* [8]

*ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥*
*ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥* [9]

ਗੁਰੂ ਸਾਹਿਬ ਜੀ ਨੇ ਬ੍ਰਹਮ ਨੂੰ ਮਰਦ ਅਤੇ ਜੀਵ ਆਤਮਾ ਨੂੰ ਇਸਤਰੀ ਰੂਪ ਵਿਚ ਹੀ ਪੇਸ਼ ਕੀਤਾ ਹੈ। ਡਾ. ਜਗਬੀਰ ਸਿੰਘ ਇਸ ਨੂੰ ਪੱਖ ਨੂੰ ਬੜੀ ਸੂਖ਼ਮਤਾ ਨਾਲ ਸਮਝਾਉਂਦੇ ਹਨ:

*"ਗੁਰਬਾਣੀ ਦੀ ਕਾਵਿ ਭਾਸ਼ਾ ਵੀ ਇਸਤਰੀ-ਪੁਰਖ ਸੰਬੰਧਾਂ ਦੇ ਹਵਾਲੇ ਨਾਲ ਕੁਝ ਇਸੇ ਕਿਸਮ ਦੀ ਵਿਰੋਧਾਭਾਸੀ ਸਥਿਤੀ ਵੱਲ ਸੰਕੇਤ ਕਰਦੀ ਹੈ। ਇਸ ਗੱਲ ਦਾ ਅਹਿਸਾਸ ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਵਿੱਚ ਵਰਤੀਆਂ ਗਈਆਂ ਉਨ੍ਹਾਂ ਸੰਚਾਰ-ਜੁਗਤਾਂ ਦੇ ਮਾਧਿਅਮ ਰਾਹੀਂ ਸਹਿਜੇ ਹੀ ਹੋ ਜਾਂਦਾ ਹੈ ਜਿਨ੍ਹਾਂ ਵਿੱਚ ਇਸਤਰੀ ਪੁਰਖ ਸੰਬੰਧਾਂ ਨੂੰ ਅਰਥ-ਸਿਰਜਣ ਦਾ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਸੰਚਾਰ-ਜੁਗਤਾਂ ਦਾ ਭਾਸ਼ਾਈ-ਮੁਹਾਂਵਰਾਂ ਅਤੇ ਉਸ ਵਿਚਲਾ ਸਮਾਜਿਕ ਸੰਦਰਭ ਮਰਦ-ਪ੍ਰਧਾਨ ਸਮਾਜਿਕ ਵਿਵਸਥਾ ਅਤੇ ਨਾ-ਬਰਾਬਰ ਰਿਸ਼ਤਿਆਂ ਦੀ ਸਾਖੀ ਭਰਦਾ ਹੈ। ਤਾਂ ਵੀ ਗੁਰਬਾਣੀ ਦੇ ਪ੍ਰਵਚਨ ਵਿੱਚ ਪੇਸ਼ ਹੋਇਆ ਨਾਰੀ-ਬਿੰਬ ਨਿਰੋਲ ਦਮਿਤ ਜਾਂ ਪੀੜਤ ਨਾਰੀ ਦੇ ਰੂਪ ਵਿਚ ਉਜਾਗਰ ਨਹੀਂ ਹੁੰਦਾ ਸਗੋਂ ਵਿਚਾਰਧਾਰੀ ਪਰਿਪੇਖ ਵਿਚ ਬਹੁ-ਪਾਸਾਰੀ ਅਰਥ-ਸਾਰਥਕਤਾ ਗ੍ਰਹਿਣ ਕਰ ਜਾਂਦਾ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਹ ਬਹੁ-ਪਾਸਾਰੀ ਨਾਰੀ-ਬਿੰਬ ਵਿਰੋਧਾਭਾਸੀ ਹੀ ਹੈ, ਵਿਰੋਧਾਭਾਵੀ ਨਹੀਂ।*[10]

ਜੇਕਰ ਦੇਖਿਆ ਜਾਵੇ ਤਾਂ ਸਮਾਜਿਕ ਵਿਵਸਥਾ ਦਾ ਕੇਂਦਰੀ ਧੁਰਾ ਲਿੰਗ ਭੇਦ ਨੂੰ ਹੀ ਮੰਨਿਆ ਜਾਂਦਾ ਹੈ। ਇਸ ਲਿੰਗ ਭੇਦਤਾ ਨੇ ਔਰਤ ਨੂੰ ਸਮਾਜਿਕ ਬਰਾਬਰੀ ਦੀ ਵਲਗਣ ਤੋਂ ਬਾਹਰ ਧੱਕ ਦਿੱਤਾ ਸੀ। ਇਸ ਲਈ ਲਿੰਗ ਭੇਦਤਾ ਪ੍ਰਤੀ ਸੁਚੇਤਤਾ ਬਹੁਤ ਜ਼ਰੂਰੀ ਸੀ। ਜਿਸ ਨੂੰ ਗੁਰੂ ਸਾਹਿਬ ਜੀ ਨੇ ਬਰਾਬਰਤਾ ਦਿੱਤੀ। ਔਰਤ ਦੀ ਨਫ਼ਰਤ ਹੋਣ ਅਤੇ ਔਰਤ ਨੂੰ ਮੁਕਤੀ ਦੇ ਰਾਹ ਵਿੱਚ ਰੁਕਾਵਟ ਮੰਨਣ ਕਾਰਨ ਹੀ ਗ੍ਰਹਿਸਤ ਨੂੰ ਨਿੰਦਿਆ ਗਿਆ ਸੀ। ਪਰ ਜਦੋਂ ਗ੍ਰਹਿਸਤ ਤੋਂ ਛੁਟਕਾਰਾ ਪਾ ਕੇ ਗ੍ਰਹਿਸਤੀਆਂ ਦੇ ਦਰਾਂ ਤੋਂ ਹੀ ਮੰਗ ਕੇ ਖਾਧਾ ਜਾਂਦਾ ਹੈ ਤਾਂ ਇਸ ਨੂੰ ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਆਲਸੀ ਲੋਕ ਸੰਸਾਰਿਕ ਜ਼ਿੰਮੇਵਾਰੀਆਂ ਤੋਂ ਡਰ ਕੇ ਜੰਗਲਾਂ ਵਿਚ ਜਾਂਦੇ ਸਨ ਇਸ ਵਾਸਤੇ ਔਰਤ ਨੂੰ ਦੋਸ਼ੀ ਨਹੀਂ ਮੰਨਿਆ ਜਾ ਸਕਦਾ ਕਿ ਔਰਤ ਰਾਹੀਂ ਪ੍ਰਮਾਰਥ ਦੇ ਮਾਰਗ ਵਿੱਚ ਰੁਕਾਵਟ ਆਉਂਦੀ ਹੈ।

*ਸਤਿਗੁਰ ਕੀ ਐਸੀ ਵਡਿਆਈ॥*
*ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥* [11]

*ਬਿੰਦੁ ਰਾਖ ਜੋ ਤਰੀਐ ਭਾਈ॥*
*ਖੁਸਰੈ ਕਿਉ ਨ ਪਰਮਗਤਿ ਪਾਈ॥* [12]

ਅਸਲ ਗੱਲ ਇਹ ਹੈ ਕਿ ਔਰਤ ਅਤੇ ਮਰਦ ਦੋਵੇਂ ਹੀ ਇੱਕ ਦੂਜੇ ਤੋਂ ਬਿਨਾਂ ਸੰਪੂਰਨ ਨਹੀਂ ਹਨ। ਔਰਤ ਰਾਹੀਂ ਹੀ ਮਰਦ ਹੈ ਅਤੇ ਮਰਦ ਰਾਹੀਂ ਹੀ ਔਰਤ ਹੈ। ਔਰਤ ਤੋਂ ਬਿਨਾਂ ਮਰਦ ਅਧੂਰਾ ਹੈ। ਔਰਤ ਅਤੇ ਮਰਦ ਇੱਕਠੇ ਹੀ ਸਮਾਜ ਦੇ ਨਿਰਮਾਣ ਵਿਚ ਸਹਾਈ ਹਨ।

*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ..*
*ਬੂਝਹੁ ਬ੍ਰਹਮ ਗਿਆਨੀ॥*
*ਧਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ॥*
*ਗੁਰਮੁਖਿ ਅਕਥ ਕਹਾਨੀ॥* [13]

ਗੁਰੂ ਕਾਲ ਤੋਂ ਪਹਿਲਾ ਜੋ ਮਾਨਸਿਕਤਾ ਭਾਰਤੀ ਔਰਤ ਬਾਰੇ ਸਥਾਪਿਤ ਸੀ ਉਸ ਨੂੰ ਗੁਰੂ ਸਾਹਿਬ ਜੀ ਨੇ ਮੁੱਢੋਂ ਹੀ ਰੱਦ ਕੀਤਾ। ਬਚਪਨ ਵਿੱਚ ਹੀ ਔਰਤ ਦੀ ਬਰਾਬਰੀ ਬਾਰੇ ਗੁਰੂ ਸਾਹਿਬ ਜੀ ਨੇ ਹਾਮੀ ਉਦੋਂ ਭਰੀ ਜਦੋਂ ਜਨੇਉ ਦੀ ਰਸਮ ਵੇਲੇ ਇਹ ਪੁੱਛਿਆ ਕਿ ਬੇਬੇ ਨਾਨਕੀ ਜੀ ਦੇ ਜਨੇਊ ਕਿਉਂ ਨਹੀਂ ਧਾਰਨ ਕਰਾਇਆ ਗਿਆ ਜੇਕਰ ਇਹ ਜੇਨਉ ਮਰਦਾਂ ਲਈ ਰਾਹ ਦਸੇਰਾ ਹੈ ਤਾਂ ਇਹ ਔਰਤਾਂ ਨੂੰ ਵੀ ਧਾਰਨ ਕਰਨਾ ਚਾਹੀਦਾ ਹੈ। ਫੇਰ ਗੁਰਬਾਣੀ ਵਿਚ ਵੀ ਔਰਤ ਦੀ ਬਰਾਬਰਤਾ ਬਾਰੇ ਮੋਹਰ ਲਗਾਈ। ਇਸ ਲਈ ਮਰਦ ਔਰਤ ਨੂੰ ਗ੍ਰਹਿਸਤ ਰਾਹੀਂ ਸੰਪੂਰਨ ਹੋਣ ਦਾ ਅਸਲੀ ਰਾਹ ਦੱਸਿਆ:

*ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥* [14]

ਇਸ ਪ੍ਰਕਾਰ ਗੁਰਮਤਿ ਵਿੱਚ ਔਰਤ ਨੂੰ ਉੱਤਮ ਅਤੇ ਸਤਿਕਾਰਯੋਗ ਪਦਵੀ ਸਭ ਤੋਂ ਪਹਿਲੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਦਿੱਤੀ ਹੈ। ਸਿੱਖ ਧਰਮ ਵਿੱਚ ਸਿੱਖ ਸਮਾਜ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਫ਼ਲਸਫ਼ੇ ਅਨੁਸਾਰ ਮਾਤਾ ਨਾਨਕੀ, ਬੀਬੀ ਬਾਨੀ, ਮਾਤਾ ਖੀਵੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਅਤੇ ਹੋਰ ਸਿੱਖ ਇਸਤਰੀਆਂ ਨੇ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਬਰਾਬਰਤਾ ਦੇ ਸਿਧਾਂਤ ਨਾਲ ਸਮਾਜ ਦੇ ਭਲਾਈਯੋਗ ਕਾਰਜਾਂ ਵਿਚ ਅਹਿਮ ਹਿੱਸਾ ਪਾਇਆ ਹੈ। ਸੋ ਇਸ ਪ੍ਰਕਾਰ ਅਸੀਂ ਆਖ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਦਾ ਬਖਸ਼ਿਆ ਲਿੰਗਕ ਬਰਾਬਰਤਾ ਦਾ ਸਿਧਾਂਤ ਅੱਜ ਵੀ ਇਕ ਨਰੋਏ ਸਮਾਜ ਦੀ ਉਸਾਰੀ ਕਰ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 20
2. ਡਾ. ਗੁਰਨਾਮ ਕੌਰ, ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਪ੍ਰਸੰਗ ਦੀ ਵਿਲੱਖਣਤਾ, ਪੰਨਾ: 1
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ: 473
4. The Journal of Religious Studies, Vol XIX No.1, Punjabi University of Patiala, 1991, Page: 75.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ: 472
6. -ਉਹੀ-, ਪੰਨਾ: 370
7. -ਉਹੀ-, ਪੰਨਾ: 1108
8. -ਉਹੀ-, ਪੰਨਾ: 1109
9. -ਉਹੀ-, ਪੰਨਾ: 1107
10. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 132-133.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ: 661
12. -ਉਹੀ-, ਪੰਨਾ: 315
13. -ਉਹੀ-, ਪੰਨਾ: 878
14. -ਉਹੀ-, ਪੰਨਾ: 788

### *Cite this Article-*

*ਡਾ. ਅਮਨਦੀਪ ਕੌਰ (Dr. Amandeep Kaur), ਲਿੰਗਕ ਬਰਾਬਰਤਾ: ਨਾਨਕ ਬਾਣੀ ਦੇ ਸੰਦਰਭ ਵਿਚ (Lingak Brabarta: Nanak Baani De Sandrbh Vich), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 52-55.*

*Journal URL: www.armaan.org.in*

*DOI: https://doi.org/10.64119/armaan.vol.3.issue4.10*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/